ਫ੍ਰੈਡ ਹਚਿਨਸਨ ਕੈਂਸਰ ਰਿਸਰਚ ਸੇਂਟਰ

ਯੂਨੀਵਰਸਿਟੀ ਆਫ਼ ਵਾਸ਼ਿੰਗਟਨ

# ਇੱਕ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਛੋਟੇ ਸਰੂਪ ਵਾਲੀ ਸਹਿਮਤੀ

ਪ੍ਰੋਟੋਕਾਲ ਨੰਬਰ: ________________________________________

ਮੁਖ ਖੋਜਕਰਤਾ ਨਾਂ: _________________________________

*ਜੇ ਤੁਸੀਂ ਇੱਕ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਇੱਕ ਪ੍ਰਤੀਨਿਧੀ, ਇੱਕ ਸਰਪ੍ਰਸਤ ਹੋ ਜਾਂ ਇਸ ਅਧਿਐਨ ਵਿੱਚ ਇੱਕ ਬੱਚੇ ਲਈ ਮਾਂ-ਪਿਉਂ ਦੇ ਤੌਰ ਤੇ ਸਹਿਮਤੀ ਦੇ ਰਹੇ ਹੋ, ਤਾਂ ਸ਼ਬਦ "ਤੁਸੀਂ" ਅਤੇ "ਤੁਹਾਡਾ" ਉਸ ਵਿਅਕਤੀ ਲਈ ਵਰਤੇ ਜਾ ਰਹੇ ਹਨ ਜਿੰਨਾਂ ਲਈ ਤੁਸੀਂ ਸਹਿਮਤੀ ਦੇ ਰਹੇ ਹੋ ਜਾਂ ਮਾਂ-ਪਿਉਂ ਦੇ ਤੌਰ ਤੇ ਸਹਿਮਤੀ ਦੇ ਰਹੇ ਹੋ।*

## ਤੁਹਾਨੂੰ ਇੱਕ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਕਿਹਾ ਜਾ ਰਿਹਾ ਹੈ

ਜਦੋਂ ਇਹ ਫੈਸਲਾ ਕਰਨ ਜਾ ਰਹੇ ਹੋ ਕਿ ਇਸ ਅਧਿਐਨ ਵਿੱਚ ਹਿੱਸਾ ਲਓ ਜਾਂ ਨਹੀਂ ਤਾਂ ਤੁਹਾਨੂੰ ਸੋਚ-ਵਿਚਾਰ ਕਰਨ ਲਈ ਪੂਰਾ ਸਮਾਂ ਲੈਣਾ ਚਾਹੀਦਾ ਹੈ। ਤੁਹਾਨੂੰ ਇਸ ਬਾਰੇ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਗੱਲ੍ਹ-ਬਾਤ ਕਰਨੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਸ਼ਾਮਿਲ ਹੋਣ ਲਈ ਸਹਿਮਤ ਹੋਵੋ, ਅਸੀਂ ਤੁਹਾਨੂੰ ਵੇਰਵਾ ਦਿਆਂਗੇ ਕਿ:

1. ਇਹ ਅਧਿਐਨ ਕਿਉਂ ਕੀਤਾ ਜਾ ਰਿਹਾ ਹੈ;
2. ਇਸ ਅਧਿਐ ਦੇ ਦੌਰਾਨ ਕੀ ਹੋਵੇਗਾ ਅਤੇ ਕੋਈ ਵੀ ਪ੍ਰਕਿਰਿਆਵਾਂ ਜੋ ਅਜ਼ਮਾਇਸ਼ ਲਈ ਹਨ;
3. ਇਸ ਅਧਿਐਨ ਵਿੱਚ ਸ਼ਾਮਿਲ ਹੋਣ ਦੇ ਸੰਭਾਵਿਤ ਜੋਖਮ ਅਤੇ ਫਾਇਦੇ;
4. ਇਸ ਅਧਿਐਨ ਵਿੱਚ ਸ਼ਾਮਿਲ ਹੋਣ ਤੋਂ ਇਲਾਵਾ ਦੂਜੇ ਵਿਕਲਪ ਅਤੇ ਉਨ੍ਹਾਂ ਦੇ ਜੋਖਮ ਅਤੇ ਫਾਇਦੇ;
5. ਤੁਹਾਡੀ ਨਿਜਤਾ ਅਤੇ ਗੋਪਨੀਯਤਾ ਦੀ ਰੱਖਿਆ ਕਿਵੇਂ ਕੀਤੀ ਜਾਏਗੀ;
6. ਕੋਈ ਸਵਾਲ ਹੋਣ ਤਾਂ ਕਿਸਨੂੰ ਸੰਪਰਕ ਕਰੋ।

**ਜਦੋਂ ਲਾਗੂ ਹੁੰਦਾ ਹੋਵੇ ਤਾਂ** ਅਸੀਂ ਤੁਹਾਨੂੰ ਇਨ੍ਹਾਂ ਗੱਲ੍ਹਾਂ ਦਾ ਵੀ ਵੇਰਵਾ ਦਿਆਂਗੇ ਕਿ:

1. ਜੇ ਤੁਹਾਨੂੰ ਅਧਿਐਨ ਦੇ ਦੌਰਾਨ ਸੱਟ ਲੱਗ ਜਾਂਦੀ ਹੈ ਤਾਂ ਇਲਾਜ ਦਾ ਖਰਚਾ ਕੌਣ ਦਿੰਦਾ ਹੈ;
2. ਉਨ੍ਹਾਂ ਜੋਖਮਾਂ ਦਾ ਇਤਫ਼ਾਕ ਜਿੰਨਾਂ ਬਾਰੇ ਅਸੀਂ ਹਾਲੇ ਨਹੀਂ ਜਾਣਦੇ ਹਾਂ;
3. ਤੁਹਾਨੂੰ ਅਧਿਐਨ 'ਚੋਂ ਹਟਾਇਆ ਕਿਉਂ ਜਾ ਸਕਦਾ ਹੈ;
4. ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਕੋਈ ਲਾਗਤਾਂ;
5. ਕੀ ਹੁੰਦਾ ਹੈ ਜੇ ਤੁਸੀਂ ਅਧਿਐਨ 'ਚੋਂ ਹੱਟਣ ਦਾ ਫੈਸਲਾ ਕਰਦੇ ਹੋ;
6. ਜਦੋਂ ਤੁਹਾਨੂੰ ਅਧਿਐਨ ਨਾਲ ਸੰਬੰਧਿਤ ਨਵੇਂ ਜਾਂਚ ਨਤੀਜਿਆਂ ਬਾਰੇ ਪਤਾ ਲਗਦਾ ਹੈ;
7. ਇਸ ਅਧਿਐਨ ਵਿੱਚ ਕਿੰਨੇ ਲੋਕ ਨੂੰ ਸ਼ਾਮਿਲ ਕਰਨ ਦੀ ਯੋਜਨਾ ਹੈ;
8. ਕੋਈ ਵੈਕਲਪਿਕ ਅਧਿਐਨ ਜਿਨ੍ਹਾਂ ਵਿੱਚ ਤੁਸੀਂ ਹਿੱਸਾ ਲੈ ਸਕਦੇ ਹੋ।

ਇਸ ਨੈਦਾਨਿਕ ਖੋਜ ਦਾ ਵੇਰਵਾ www.clinicaltrials.gov ਤੇ ਉਪਲਬੱਧ ਹੋਵੇਗਾ, ਜਿਵੇਂ ਕਿ ਅਮਰੀਕੀ ਕਾਨੂੰਨ ਮੁਤਾਬਿਕ ਜ਼ਰੂਰੀ ਹੈ। ਇਸ ਵੇਬਸਾਈਟ ਵਿੱਚ ਉਹ ਜਾਣਕਾਰੀ ਸ਼ਾਮਿਲ ਨਹੀਂ ਹੋਵੇਗੀ ਜੋ ਤੁਹਾਡੀ ਪਹਿਚਾਣ ਕਰ ਸਕੇ। ਜ਼ਿਆਦਾ ਤੋਂ ਜ਼ਿਆਦਾ, ਇਸ ਵੇਬਸਾਈਟ ਤੇ ਨਤੀਜਿਆਂ ਦਾ ਇੱਕ ਸਾਰ ਸ਼ਾਮਿਲ ਹੋਵੇਗਾ। ਤੁਸੀਂ ਕਿਸੇ ਵੀ ਵੇਲੇ ਇਸ ਵੇਬਸਾਈਟ ਤੇ ਭਾਲ ਕਰ ਸਕਦੇ ਹੋ।

ਫ੍ਰੇਡ ਹਚਿਨਸਨ ਕੈਂਸਰ ਰਿਸਰਚ ਸੈਂਟਰ
ਯੂਨੀਵਰਸਿਟੀ ਆਫ਼ ਵਾਸ਼ਿੰਗਟਨ

**ਇੱਕ ਖੋਜ ਅਧਿਐਨ ਵਿੱਚ ਹਿੱਸਾ ਲੈਣ ਲਈ ਛੋਟੇ ਸਰੂਪ ਵਾਲੀ ਸਹਿਮਤੀ**

**ਤੁਹਾਡੇ ਅਧਿਕਾਰ**

ਤੁਹਾਡਾ ਇਸ ਅਧਿਐਨ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਨਹੀਂ ਹੈ। ਤੁਸੀਂ ਹਾਂ ਜਾਂ ਨਹੀਂ ਕਹਿਣ ਲਈ ਅਜ਼ਾਦ ਹੋ। ਜੇ ਤੁਸੀਂ ਇਸ ਅਧਿਐਨ ਵਿੱਚ ਸ਼ਾਮਿਲ ਹੁੰਦੇ ਹੋ, ਤਾਂ ਤੁਹਾਨੂੰ ਇਸ ਵਿੱਚ ਬਣੇ ਰਹਿਣ ਦੀ ਲੋੜ ਨਹੀਂ ਹੈ। ਤੁਸੀਂ ਕਿਸੇ ਵੀ ਵੇਲੇ ਇਸ ਨੂੰ ਰੋਕ ਸਕਦੇ ਹੋ (ਇੱਥੋਂ ਤੱਕ ਕਿ ਸ਼ੁਰੂ ਕਰਨ ਤੋਂ ਪਹਿਲਾਂ ਵੀ)। ਨਹੀਂ ਕਹਿਣ ਤੇ ਜਾਂ ਰੋਕਣ ਕਰਕੇ ਕੋਈ ਜ਼ੁਰਮਾਨਾ ਨਹੀਂ ਹੁੰਦਾ। ਤੁਹਾਡੀ ਨੇਮੀ ਡਾਕਟਰੀ ਦੇਖਭਾਲ ਵਿੱਚ ਕੋਈ ਬਦਲਾਅ ਨਹੀਂ ਆਏਗਾ।

ਜੇ ਤੁਸੀਂ ਇਸ ਅਧਿਐਨ ਵਿੱਚ ਬੀਮਾਰ ਹੋ ਜਾਂਦੇ ਹੋ ਜਾਂ ਸੱਟ ਲਗ ਜਾਂਦੀ ਹੈ, ਤਾਂ ਤੁਸੀਂ ਇਸ ਫਾਰਮ ਦੇ ਦਸਤਖ਼ਤ ਕਰਕੇ ਭੁਗਤਾਨ ਪ੍ਰਾਪਤ ਕਰਨ ਦੇ ਕਿਸੇ ਵੀ ਕਾਨੂੰਨੀ ਹੱਕ ਨੂੰ ਨਹੀਂ ਗੁਆਓਗੇ।

ਜੇ ਤੁਸੀਂ ਸ਼ਾਮਿਲ ਹੋਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਇਸ ਫਾਰਮ ਦੀ ਇੱਕ ਨਕਲ ਅਤੇ ਇਸ ਅਧਿਐਨ ਲਈ ਅੰਗ੍ਰੇਜ਼ੀ ਭਾਸ਼ਾ ਵਿੱਚ ਸਹਿਮਤੀ ਫਾਰਮ ਦੀ ਇੱਕ ਨਕਲ ਪ੍ਰਾਪਤ ਕਰੋਗੇ।

**ਵਧੇਰੀ ਜਾਣਕਾਰੀ ਲਈ**

ਜਦੋਂ ਵੀ ਤੁਹਾਡੇ ਇਸ ਅਧਿਐਨ ਨਾਲ ਜਾਂ ਅਧਿਐਨ ਸੰਬੰਧੀ ਕਿਸੇ ਸੱਟ ਬਾਰੇ ਕੋਈ ਵੀ ਸਵਾਲ ਹਨ ਤਾਂ ਤੁਸੀਂ ਮੁੱਖ ਖੋਜਕਰਤਾ ______________________________ ਨਾਲ ________________ ਤੇ ਸੰਪਰਕ ਕਰ ਸਕਦੇ ਹੋ।

ਜੇ ਤੁਹਾਡੇ ਇੱਕ ਖੋਜ ਪ੍ਰਤੀਭਾਗੀ ਦੇ ਤੌਰ ਤੇ ਆਪਣੇ ਹੱਕਾਂ ਬਾਰੇ ਜਾਂ ਜੇ ਤੁਹਾਨੂੰ ਸੱਟ ਲਗੀ ਹੈ ਤਾਂ ਕੀ ਕਰਨਾ ਚਾਹੀਦਾ ਹੈ, ਕੋਈ ਸਵਾਲ ਹਨ ਤਾਂ ਤੁਸੀਂ ਕੈਰਨ ਹੈਨਸਨ, ਰੀਵਿਯੂ ਆਫ਼ਿਸ ਦੀ ਡਾਇਰੈਕਟਰ, ਫ੍ਰੇਡ ਹਚਿਨਸਨ ਕੈਂਸਰ ਰਿਸਰਚ ਸੈਂਟਰ ਨਾਲ ਵੀ 206-667-4867 ਤੇ ਸੰਪਰਕ ਕਰ ਸਕਦੇ ਹੋ।

**ਦਸਤਖ਼ਤ**

ਜੇ ਤੁਸੀਂ ਇਸ ਫਾਰਮ ਤੇ ਦਸਤਖ਼ਤ ਕਰਦੇ ਹੋ, ਤਾਂ ਇਸ ਦਾ ਮਤਲਬ ਹੈ ਕਿ ਅਸੀਂ ਤੁਹਾਨੂੰ ਇਸ ਅਧਿਐਨ ਬਾਰੇ ਵੇਰਵਾ ਦੇ ਦਿੱਤਾ ਹੈ ਅਤੇ ਤੁਸੀਂ ਇਸ ਵਿੱਚ ਆਪਣੀ ਮਰਜ਼ੀ ਨਾਲ ਹਿੱਸਾ ਲੈ ਰਹੇ ਹੋ।

______________________________________ ______________

ਪ੍ਰਤੀਭਾਗੀ ਦਾ ਪ੍ਰਿੰਟ ਕੀਤਾ ਹੋਇਆ ਨਾਂ ਅਤੇ ਦਸਤਖ਼ਤ ਤਾਰੀਖ਼
ਜਾਂ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਪ੍ਰਤੀਨਿਧੀ, ਜੇ ਲਾਗੂ ਹੁੰਦਾ ਹੈ

_______________________________________________________

ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਪ੍ਰਤੀਨਿਧੀ ਦਾ ਪ੍ਰਤੀਭਾਗੀ ਨਾਲ ਸੰਬੰਧ, ਜੇ ਲਾਗੂ ਹੁੰਦਾ ਹੈ

ਅਨੁਵਾਦਕ/ਗਵਾਹ  ਦਾ ਪ੍ਰਿੰਟ ਕੀਤਾ ਹੋਇਆ ਨਾਂ ਅਤੇ ਦਸਤਖ਼ਤ                    ਤਾਰੀਖ਼